# ਪੰਜਾਬੀ ਦਾ ਅਧਿਆਪਨ
# ਬੀ.ਐੱਡ(ਸਮੈਸਟਰ-ਦੂਜਾ)

## ਇਕਾਈ-੨
## ਉਪ-ਵਿਸ਼ਾ-ਪਾਠ ਯੋਜਨਾ ਦੇ ਗੁਣ (ਸਿਧਾਂਤ)

ਪਵਨਦੀਪ ਕੌਰ
ਸਹਾਇਕ ਪ੍ਰੋਫੈਸਰ
ਜੋਤੀ ਬੀ.ਐੱਡ ਕਾਲਜ,ਰਾਮਪੁਰਾ
ਫਾਜਿਲਕਾ

# ਪਾਠ ਯੋਜਨਾ ਦਾ ਅਰਥ

ਕਿਸੇ ਵਿਸ਼ੇ ਦੀ ਕਿਸੇ ਵਿਸ਼ੇਸ਼ ਇਕਾਈ ਨਾਲ ਸੰਬੰਧਿਤ ਉਹ ਯੋਜਨਾ ਹੈ,ਜਿਸ ਅਨੁਸਾਰ ਅਧਿਆਪਕ ਨਿਸ਼ਚਿਤ ਅਨੁਦੇਸ਼ਾਤਮਿਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਸਕੂਲ ਦੇ ਕਿਸੇ ਵਿਸ਼ੇਸ਼ ਪੀਰੀਅਡ ਵਿੱਚ ਅਧਿਆਪਨ ਕਰਦਾ ਹੈ।

ਬਿਨਿੰਗ ਤੇ ਬਿਨਿੰਗ ਦੇ ਅਨੁਸਾਰ:- "ਪਾਠ ਯੋਜਨਾ ਦੇ ਨਿਰਮਾਣ ਵਿੱਚ ਪਾਠ ਨਾਲ ਸੰਬੰਧਿਤ ਉਦੇਸ਼ਾਂ ਨੂੰ ਪਰਿਭਾਸ਼ਿਤ ਕਰਨਾ,ਪਾਠ-ਵਸਤੂ ਦੀ ਚੋਣ ਕਰਨਾ,ਉਸਨੂੰ ਵਿਵਸਥਿਤ ਕਰਨਾ,ਪ੍ਰਸਤੁਤੀਕਰਨ ਦੀਆਂ ਵਿਧੀਆਂ, ਪ੍ਰਸਤੁਤੀਕਰਨ ਦੀ ਪ੍ਰਕਿਰਿਆ ਅਤੇ ਤਕਨੀਕਾਂ ਦਾ ਨਿਰਧਾਰੀਕਰਨ ਸ਼ਾਮਿਲ ਹੈ।

# ਪਾਠ ਯੋਜਨਾ ਦੇ ਗੁਣ

ਪਾਠ ਯੋਜਨਾ ਇੱਕ ਅਜਿਹਾ ਅੰਗ ਹੈ ਜੋ ਇੱਕ ਸਫ਼ਲ ਅਧਿਆਪਕ ਵਾਸਤੇ ਬਹੁਤ ਜ਼ਰੂਰੀ ਹੈ।ਅਧਿਆਪਕ ਚੰਗੀ ਪਾਠ ਯੋਜਨਾ ਕਰੇ ਤੇ ਇਸ ਦੇ ਸਿਧਾਂਤਾਂ ਤੇ ਚੱਲੇ।ਤਾਂ ਜੋ ਉਸ ਦੇ ਅਧਿਆਪਨ ਕਾਰਜ ਨੂੰ ਸਹੀ ਸੇਧ ਮਿਲ ਸਕੇ ਅਤੇ ਨਿਸ਼ਚਿਤ ਉਦੇਸ਼ਾਂ ਦੀ ਪ੍ਰਾਪਤੀ ਹੋ ਸਕੇ।

ਇੱਕ ਚੰਗੀ ਪਾਠ ਯੋਜਨਾ ਵਿੱਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ:-

- **ਲਿਖਤ ਪਾਠ ਯੋਜਨਾ**:-ਪਾਠ ਯੋਜਨਾ ਲਿਖਤੀ ਰੂਪ ਵਿੱਚ ਹੋਣੀ ਲਾਜ਼ਮੀ ਹੈ ਤਾਂ ਜੋ ਪਾਠ ਦੇ ਮੁੱਖ ਤੱਥ ਅਧਿਆਪਨ ਕਾਰਜ ਸਮੇਂ ਅਧਿਆਪਕ ਨੂੰ ਯਾਦ ਰਹਿ ਸਕਣ।

- **ਸਪੱਸ਼ਟ ਉਦੇਸ਼:-**ਪਾਠ ਯੋਜਨਾ ਵਿੱਚ ਸਧਾਰਨ ਅਤੇ ਵਿਸ਼ੇਸ਼ ਉਦੇਸ਼ਾਂ ਦਾ ਸਪੱਸ਼ਟ ਵਰਣਨ ਹੋਣਾ ਚਾਹੀਦਾ ਹੈ। ਤਾਂ ਜੋ ਅਧਿਆਪਨ ਕਾਰਜ ਵਿੱਚ ਵਰਤੀ ਜਾਣ ਵਾਲੀ ਸਹਾਇਕ ਸਮੱਗਰੀ ਭਾਵ ਦੇਖਣ-ਸੁਣਨ ਸਾਧਨਾਂ ਦੀ ਸਹੀ ਚੋਣ ਹੋ ਸਕੇ ਅਤੇ ਜਮਾਤ ਵਿੱਚ ਸਹੀ ਸਮੇਂ ਵਰਤੇ ਜਾ ਸਕਣ।
- **ਪੂਰਵ ਗਿਆਨ ਤੇ ਆਧਾਰਿਤ :-**ਪਾਠ ਯੋਜਨਾ ਰਾਹੀਂ ਅਧਿਆਪਕ ਨੂੰ ਚਾਹੀਦਾ ਹੈ ਕਿ ਆਪਣੇ ਉਪ-ਵਿਸ਼ੇ ਦੇ ਨਵੀਨ ਗਿਆਨ ਨੂੰ ਵਿਦਿਆਰਥੀਆਂ ਦੇ ਪੂਰਵ ਗਿਆਨ ਨਾਲ ਜੋੜ ਕੇ ਉਨ੍ਹਾਂ ਨੂੰ ਨਵਾਂ ਸਿੱਖਣ ਲਈ ਉਤਸ਼ਾਹਿਤ ਕਰੇ।
- **ਅਧਿਆਪਨ ਵਿਧੀਆ ਦਾ ਵੇਰਵਾ:-**ਇਕ ਚੰਗੀ ਪਾਠ ਵਿੱਚ ਇਹ ਜ਼ਰੂਰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਅਧਿਆਪਨ ਸਮੇਂ ਅਧਿਆਪਕ ਨੇ ਕਿਹੜੀਆਂ ਵਿਧੀਆਂ ਦਾ ਪ੍ਰਯੋਗ ਕਰਨਾ ਹੈ ਤੇ ਨਾਲ ਹੀ ਉਸ ਦੌਰਾਨ ਅਧਿਆਪਕ ਦੁਆਰਾਂ ਕੀਤੀਆਂ ਜਾਣ ਵਾਲ਼ੀਆਂ ਕਿਰਿਆਵਾਂ ਅਤੇ ਪ੍ਰਸ਼ਨਾਂ ਦਾ ਵੇਰਵਾ ਹੋਣਾ ਚਾਹੀਦਾ ਹੈ।
- **ਸਹਾਇਕ ਸਮੱਗਰੀ ਦਾ ਵੇਰਵਾ:-**ਅਧਿਆਪਕ ਨੂੰ ਚਾਹੀਦਾ ਹੈ ਕਿ ਅਧਿਆਪਨ ਸਮੇਂ ਵਰਤੇ ਜਾਣ ਵਾਲੇ ਦੇਖਣ- ਸੁਣਨ ਸਾਧਨਾਂ ਦਾ ਵੇਰਵਾ ਪਾਠ ਯੋਜਨਾ ਵਿੱਚ ਦੇਵੇ ਤਾਂ ਜੋ ਸਮੇਂ ਸਿਰ ਸਹਾਇਕ ਸਮੱਗਰੀ ਦੀ ਵਰਤੋਂ ਕੀਤੀ ਜਾ ਸਕੇ।

- **ਵਿਅਕਤੀਗਤ ਭਿੰਨਤਾਵਾਂ ਦਾ ਧਿਆਨ:-**ਪਾਠ ਯੋਜਨਾ ਦੀ ਤਿਆਰੀ ਸਮੇਂ ਵਿਅਕਤੀਗਤ ਅੰਤਰ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ ਕਿਉਂਕਿ ਜਮਾਤ ਦੇ ਸਾਰੇ ਵਿਦਿਆਰਥੀਆ ਦਾ ਬੁੱਧੀ ਪੱਧਰ ਇੱਕੋ ਜਿਹਾ ਨਹੀਂ ਹੁੰਦਾ,ਇਸ ਲਈ ਪਾਠ ਦੀ ਯੋਜਨਾ ਸਾਰੇ ਵਿਦਿਆਰਥੀਆ ਦੀ ਲੋੜ ਨੂੰ ਪੂਰੀ ਕਰਨ ਵਾਲੀ ਹੋਣੀ ਚਾਹੀਦੀ ਹੈ।
- **ਕਾਰਜ ਪ੍ਰਧਾਨ ਯੋਜਨਾ:-**ਚੰਗੀ ਪਾਠ ਯੋਜਨਾ ਵਿੱਚ ਬਹੁਤ ਸਾਰੀਆਂ ਲੋੜੀਂਦੀਆਂ ਕਿਰਿਆਵਾਂ ਕਰਵਾਉਣ ਦਾ ਪ੍ਰਬੰਧ ਹੋਣਾ ਚਾਹੀਦਾ।ਅਧਿਆਪਕ ਦੁਆਰਾਂ ਠੀਕ ਸਮੇਂ ਤੇ ਕੀਤੀ ਗਈ ਉਪਯੁਕਤ ਕਿਰਿਆਵਾਂ ਹੀ ਪਾਠ ਨੂੰ ਸਫ਼ਲ ਬਣਾਉਂਦੀਆਂ ਹਨ।
- **ਪ੍ਰੇਰਨਾਦਾਇਕ ਅਤੇ ਰੁਚੀਦਾਇਕ:-** ਸਿੱਖਿਆ ਬਾਲ ਕੇਂਦਰਿਤ ਹੋਣ ਕਰਕੇ ਪਾਠ ਦੀ ਯੋਜਨਾ ਵਿਦਿਆਰਥੀਆ ਦੀ ਰੁਚੀ ਅਨੁਸਾਰ ਹੋਣੀ ਚਾਹੀਦੀ ਹੈ ਤਾਂ ਜੋ ਵਿਦਿਆਰਥੀਆ ਨੂੰ ਕੁਝ ਨਵਾਂ ਸਿੱਖਣ ਦੀ ਪ੍ਰੇਰਨਾ ਮਿਲਦੀ ਰਹੇ।
- **ਲਚਕੀਲਾਪਣ:-**ਪਾਠ ਯੋਜਨਾ ਲਚਕੀਲੀ ਹੋਣੀ ਚਾਹੀਦੀ ਹੈ ਤਾਂ ਜੋ ਸਮੇਂ ਦੇ ਬਦਲਾਅ ਹੋਣ ਤੇ ਪਾਠ ਸਮੱਗਰੀ ਚ' ਵੀ ਬਦਲਾਅ ਕੀਤਾ ਜਾ ਸਕੇ।

- **ਦੁਹਰਾਈ ਦੀ ਸਹੂਲਤ:-**ਚੰਗੀ ਪਾਠ ਯੋਜਨਾ ਵਿੱਚ ਦੁਹਰਾਈ ਹੋਣੀ ਲਾਜ਼ਮੀ ਹੈ ਕਿਉਂਕਿ ਅਧਿਆਪਕ ਨੇ ਪਾਠ ਪੜ੍ਹਾਉਣ ਪਿੱਛੋਂ ਮੁਲਾਂਕਣ ਵੀ ਕਰਨਾ ਹੁੰਦਾ ਹੈ ਕਿ ਉਸਦਾ ਅਧਿਆਪਨ ਕਾਰਜ ਕਿੰਨ੍ਹਾ ਕੁ ਸਫਲ ਸਿੱਧ ਹੋਇਆਂ ਹੈ।ਇਸ ਵਿੱਚ ਵਰਤੀਆਂ ਗਈਆਂ ਤਕਨੀਕਾਂ ਤੇ ਵਿਧੀਆਂ ਕਿੰਨੀਆਂ ਕੁ ਸਾਰਥਕ ਸਿੱਧ ਹੋਈਆ ਹਨ।
- **ਸੰਦਰਭ ਜਾਂ ਹਵਾਲਾ ਪੁਸਤਕਾਂ ਦੀ ਸੂਚੀ:-**ਅਧਿਆਪਕ ਨੂੰ ਆਪਣੀ ਪਾਠ ਯੋਜਨਾ ਦੇ ਵਿਸ਼ਾ-ਵਸਤੂ ਨਾਲ ਸੰਬੰਧਿਤ ਸੰਦਰਭ ਪੁਸਤਕਾਂ ਦੀ ਸੂਚੀ ਦੇਣੀ ਚਾਹੀਦੀ ਹੈ ਤੇ ਇੰਨ੍ਹਾਂ ਸੰਦਰਭ ਪੁਸਤਕਾਂ ਨੂੰ ਪੜ੍ਹਨ ਦੀ ਸਲਾਹ ਵੀ ਦੇਣੀ ਚਾਹੀਦੀ ਹੈ।
- **ਘਰ ਦਾ ਕੰਮ:-**ਚੰਗੀ ਪਾਠ ਵਿੱਚ ਉਚਿਤ ਘਰ ਦਾ ਕੰਮ ਵੀ ਨਿਰਧਾਰਿਤ ਕੀਤਾ ਜਾਣਾ ਚਾਹੀਦਾ ਹੈ।ਇਹ ਕੰਮ ਬਹੁਤ ਜ਼ਿਆਦਾ ਜਾਂ ਬਹੁਤ ਘੱਟ ਵੀ ਨਹੀਂ ਹੋਣਾ ਚਾਹੀਦਾ।

- **ਸਿੱਟਾ:-** ਇਸ ਤਰ੍ਹਾ ਚੰਗੀ ਪਾਠ ਯੋਜਨਾ ਅਧਿਆਪਕ ਦੇ ਅਧਿਆਪਨ ਕਾਰਜ ਨੂੰ ਸਫ਼ਲ ਬਣਾਉਂਦੀ ਹੈ।ਸੋ ਪਾਠ ਯੋਜਨਾ ਵਿੱਚ ਉਨ੍ਹਾਂ ਸਾਰੀਆਂ ਗੱਲ੍ਹਾਂ ਦਾ ਸਿਧਾਂਤਿਕ ਵਿਵਰਣ ਹੋਣਾ ਚਾਹੀਦਾ ਹੈ ਜੋ ਅਧਿਆਪਕ ਜਮਾਤ ਦੇ ਕਮਰੇ ਵਿੱਚ ਕਰਨ ਜਾ ਰਿਹਾ ਹੁੰਦਾ ਹੈ।ਇਸ ਤਰ੍ਹਾ ਅਸੀਂ ਦੇਖਦੇ ਹਾਂ ਕਿ ਇੱਕ ਚੰਗੀ ਪਾਠ ਯੋਜਨਾ ਅਧਿਆਪਕ ਲਈ ਮਾਰਗ-ਦਰਸ਼ਕ ਦਾ ਕੰਮ ਕਰਦੀ ਹੈ।

# ਧੰਨਵਾਦ

## ਘਰ ਰਹੋ,ਸੁਰੱਖਿਅਤ ਰਹੋ